English, Punjabi + ੧੧ ਭਾਰਤੀ ਭਾਸ਼ਾਵਾਂ ਵਿਚ ਉਪਲਬਧ

# ਇਸ ਭਾਰਤ -ਨੂੰ ਸ਼ਾਇਦ ਤੁਸੀਂ ਨਹੀਂ ਜਾਣਦੇ




੧. **੭੧%** ਯਾ ੭੭੦ ਮਿਲਿਅਨ ਲੋਕ ੩੫ ਸਾਲ ਤੋਂ ਘੱਟ ਉਮਰ ਦੇ ਹਨ। ਭਾਰਤ ਦੇ ਲੋਕ ਜਵਾਨ ਹਨ।

੨. **੨੯ ਮਿਲਿਅਨ** ਲੋਕ ਹਰ ਸਾਲ ਜੰਮਦੇ ਹਨ, ੧੦ ਮਿਲੀਅਨ ਹਰ ਸਾਲ ਮਰਦੇ ਹਨ, ਆਬਾਦੀ ੧.੮% ਵੱਧਦੀ ਹੈ।

੩. **ਸਕੂਲ ਛੱਡ ਜਾਣ ਵਾਲੇ ੯੦% ਤੋਂ ੯੪%** ਬੱਚੇ (ਸਕੂਲ ਕਦੇ ਨਾ ਗਏ ਬੱਚਿਆਂ ਸਮੇਤ) **ਕਿੰਡਰਗਾਰਟਨ ਅਤੇ ੧੦+੨** ਦੇ ਵਿਚਕਾਰਲੇ ਹਨ।

੪. ਭਾਰਤ ਵਿਚ ੯੭੦,੦੦੦ ਸਕੂਲ ਹਨ੍ਹ ਚੀਨ ਵਿਚ ੧,੮੦੦,੦੦੦ ਹਨ।

੫. ੬% ਸਾਡੇ ਪੜ੍ਹੇ-ਲਿਖੇ ਉਹ ਬੱਚੇ ਹਨ ਜੋ ੧੦+੨ (**ਤਾਲੀਮੀ "ਲਾਈਨ ਆਫ਼ ਕੰਟ੍ਰੋਲ"**) ਤਕ ਪੜ੍ਹਕੇ ਕਾਲੇਜਾਂ ਵਿਚ ਡਿਗ੍ਰੀ ਲਈ ਜਾਂਦੇ ਹਨ, ਜਦ ਕਿ ਨੌਕਰੀ ਯਾ ਦੇਸ਼ ਦੇ ਕੁਲ ਉਤਪਾਦਨ (ਜੀਡੀਪੀ) ਦੇ ਮਾਮਲੇ ਵਿਚ ਉਹ ਡਿਗ੍ਰੀ ਅੱਜ ਕੋਈ ਖ਼ਾਸ ਮਤਲਬ ਦੀ ਨਹੀਂ ਹੋ ਸਕਦੀ।

੬. ਸਾਰੇ ੧੫,੬੦੦ ਕਾਲੇਜਾਂ ਤੋਂ ਆਣ ਵਾਲੇ **੭੨%** ਗ੍ਰੈਜੂਏਟ **ਆਰਟਸ ਦੀ ਡਿਗ੍ਰੀ** ਵਾਲੇ ਹਨ ਅਤੇ **ਬਾਕੀ ੨੮%** ਸਾਇੰਸ, ਕਾਮਰਸ, ਇੰਜੀਨਿਅਰਿੰਗ, ਆਈ.ਟੀ., ਮੈਡੀਕਲ, ਲਾ, ਮੈਨੇਜਮੈਂਟ ਅਤੇ ਸਪੈਸ਼ਲ ਸਬਜੈਕਟਸ ਵਾਲੇ ਹਨ।

੭. ਭਾਰਤ ਵਿਚ ੩੭੨ ਯੂਨੀਵਰਸਿਟੀਆਂ ਹਨ, ਚੀਨ ਵਿਚ ੯੦੦ ਅਤੇ ਜਪਾਨ ਵਿਚ ੪੦੦੦ ਹਨ।

੮. ਦੁਨੀਆਂ ਵਿਚ ੧੫ ਤੋਂ ੩੫ ਸਾਲ ਦੇ **੯੫%** ਲੜਕੇ-ਲੜਕੀਆਂ **ਵੋਕੇਸ਼ਨਲ** (ਵਿਵਸਾਇਕ) **ਕੁਸ਼ਲਤਾ** ਸੰਬੰਧੀ ਯਾ **ਵਪਾਰਕ** ਪੜਾਈ ਕਰ ਰਹੇ ਹਨ ਅਤੇ ਉਨ੍ਹਾਂ ਲਈ ੨,੫੦੦ ਵੋਕੇਸ਼ਨਲ ਐਜੁਕੇਸ਼ਨ ਐਂਡ ਟ੍ਰੇਨਿੰਗ (ਵੀਈਟੀ) ਪ੍ਰੋਗ੍ਰਾਮਾਂ ਵਿਚੋਂ ਮਰਜ਼ੀ ਅਨੁਸਾਰ ਸਬਜੈਕਟ ਚੁਣਨ ਦੀ ਸੁਵਿਧਾ ਮੌਜੂਦ ਹੈ, ਪਰ ਸਾਡੇ ਦੇਸ਼ ਵਿਚ ਆਜ਼ਾਦੀ ਦੇ ੫੮ ਸਾਲ ਬਾਅਦ ਵੀ ਲਗਭਗ ੭੧ ਟ੍ਰੇਡ ਹੀ ਐਸੇ ਹਨ ਜਿਨਾਂ ਦੀ ਨਿਯਮਿਤ ਵੀਈਟੀ ਲਈ ਵਿਦਿਆਰਥੀ ਜਾ ਸਕਦੇ ਹਨ ਅਤੇ ਉਹ ਵੀ ਸਿਰਫ਼ ੨% ਲੋਕਾਂ ਲਈ ਉਪਲਬਧ ਹਨ।

੯. ਭਾਰਤ ਵਿਚ ੧੧,੦੦੦ ਆਈਆਈਟੀ ਅਤੇ ਵੀਈਟੀ ਸਕੂਲ ਹਨ, ਚੀਨ ਵਿਚ ੫੦੦,੦੦੦ ਸੀਨੀਅਰ ਸੈਕੰਡਰੀ ਵੋਕੇਸ਼ਨਲ ਐਜੁਕੇਸ਼ਨ ਐਂਡ ਟ੍ਰੇਨਿੰਗ ਸਕੂਲ ਹਨ।

੧੦. ਸਾਡੇ ਦੇਸ਼ ਵਿਚ ਇੰਜੀਨਿਅਰ ਤਾਂ ਮਿਲ ਜਾਣਗੇ ਪਰ ਇੰਟਰਨੈਸ਼ਨਲ ਦਰਜੇ ਦੇ ਮਾਹਿਰ ਕਾਰਪੇਂਟਰ, ਪਲੰਬਰ, ਡ੍ਰਾਈਵਰ, ਰਿਪੇਅਰਮੈਨ ਆਦਿ ਨਹੀਂ ਮਿਲਣਗੇ।

੧੧. **ਸਿਰਫ਼ ਇਨਫ਼ਾਰਮਲ ਟੈਕਨਾਲੋਜੀ, ਸੌਫ਼ਟਵੇਅਰ ਯਾ ਆਈ.ਟੀ. ਦੇ ਮਾਹਿਰ ਸਾਡੇ ਦੇਸ਼ ਵਿਚ ਜ਼ਰੂਰ ਹਨ,** ਅਤੇ ਇਸਦਾ ਕਾਰਣ ਹੈ ੫੦,੦੦੦ ਯਾ ਹੋਰ ਵੀ ਜ਼ਿਆਦਾ ਪ੍ਰਾਈਵੇਟ ਆਈ.ਟੀ. ਸੈਂਟਰ।

੧੨. **ਆਈ.ਟੀ. ਅਤੇ ਸੌਫ਼ਟਵੇਅਰ** ਦੁਨੀਆਂ ਦੇ ਜੀਡੀਪੀ ਦਾ ਸਿਰਫ਼ ੧.੫% ਹੈ। ਇਸ ਵਿਚ ਭਾਰਤ ਦਾ ਹਿੱਸਾ ਲਗਭਗ ੫% ਹੈ। ਤੇਜ਼ ਆਰਥਿਕ ਵ੍ਰਿਧੀ ਅਤੇ ਰੋਜ਼ਗਾਰ ਦੇ ਮੌਕੇ ਵਧਾਣ ਲਈ ਜ਼ਰੂਰੀ ਹੈ ਕਿ **ਬਾਕੀ ੯੫% ਉਦਯੋਗ**-ਧੰਦਿਆਂ ਨੂੰ **ਵਿਸ਼ਵ ਦਰਜੇ** ਦਾ ਬਣਾਇਆ ਜਾਏ।

## Economy 1st ਸੰਬੰਧੀ ਕੋਸ਼ਿਸ਼

੧੩. **ਦੇਸ਼ ਵਿਚ ਬੇਰੋਜ਼ਗਾਰ/ਰੋਜ਼ਗਾਰ ਯੋਗ ਉਮਰ* ਵਾਲੇ ੩੦੦* ਮਿਲਿਅਨ ਲੋਕੀਂ ਹਨ** ਅਤੇ ਸਿਰਫ਼ ੪੫ ਮਿਲਿਅਨ ਲੋਕਾਂ ਨੇ ਰੋਜ਼ਗਾਰ ਆਫ਼ਿਸਾਂ ਵਿਚ ਨਾਮ ਦਰਜ ਕਰਾਇਆ ਹੈ ਅਤੇ ਇਨ੍ਹਾਂ ਨੂੰ ਵੀ ਰੋਜ਼ਗਾਰ ਮਿਲਣ ਦੀ ਆਸ ਕੋਈ ਖ਼ਾਸ ਨਹੀਂ। (ਸਾਡੇ ਅੰਦਾਜ਼ੇ)*

੧੪. ਰੋਜ਼ਗਾਰ ਦੇ ਜੋ ਵੀ ਨਵੇਂ ਮੌਕੇ ਪੈਦਾ ਹੋਏ ਹਨ, ਉਨ੍ਹਾਂ ਵਿਚੋਂ **੧%** ਸਰਕਾਰੀ ਨੌਕਰੀਆਂ, **੨%** ਆਰਗਨਾਈਜ਼ਡ ਸੈਕਟਰ ਦੇ ਰੋਜ਼ਗਾਰ ਅਤੇ ਬਾਕੀ **੯੭%** ਮੌਕੇ 'ਅਨਆਰਗ-ਨਾਈਜ਼ਡ ਸੈਕਟਰ' ਵਿਚੋਂ ਹਨ।

੧੫. **ਕੰਮ ਕਰਨ ਯੋਗ ੪੩੦ ਮਿਲਿਅਨ ਲੋਕਾਂ ਵਿਚੋਂ** ੯੪% ਲੋਕੀਂ ਅਨਆਰਗਨਾਈਜ਼ਡ ਸੈਕਟਰ ਵਿਚ ਅਤੇ ਲਗਭਗ ੬% ਆਰਗਨਾਈਜ਼ਡ ਸੈਕਟਰ ਵਿਚ ਹਨ।

੧੬. ਸਾਰੀ ਆਬਾਦੀ ਦਾ **੧.੭%** ਯਾਨੀ ੧੮ ਮਿਲਿਅਨ ਲੋਕੀਂ ਕੇਂਦਰੀ ਅਤੇ ਰਾਜ ਸਰਕਾਰਾਂ ਲਈ ਕੰਮ ਕਰਦੇ ਹਨ; ੯ ਮਿਲਿਅਨ 'ਪ੍ਰਾਈਵੇਟ ਆਰਗਨਾਈਜ਼ਡ ਸੈਕਟਰ' ਲਈ ਕੰਮ ਕਰਦੇ ਹਨ, ਕੁਲ ੨.੬% ਲੋਕੀਂ।

੧੭. **ਸਾਰੇ ਲੈਬਰ ਲਾਜ਼** (ਮਜ਼ੂਰਾਂ ਲਈ ਕਾਨੂੰਨ) ਹਰ ਕੀਮਤ ਤੇ ਇਨ੍ਹਾਂ ੨.੬% ਭਾਰਤੀਆਂ ਦੀ ਸੁਰੱਖਿਆ ਲਈ ਹੀ ਬਣੇ ਹਨ। ਭਾਰਤੀ ਸੰਵਿਧਾਨ ਦਾ ੩੧੧ ਆਰਟੀਕਲ ਸੁਧਾਰਨਾ ਜ਼ਰੂਰੀ ਹੈ ਕਿਉਂਕਿ ਸਰਕਾਰੀ ਨੌਕਰੀ ਵਾਲਿਆਂ ਲਈ ਇਹ ਲੋੜ ਤੋਂ ਵੱਧ ਬਚਾਅ ਕਰਦਾ ਹੈ ਅਤੇ **ਇਹ ਕੀਮਤ ਦੇਸ਼ ਨੂੰ ਭਰਨੀ ਪੈਂਦੀ ਹੈ।**

੧੮. ਹਾਲਾਂਕਿ ਐਮਪੀ, ਐਮਐਲਏ, ਮਿਊਨਿਸਪਲ ਕਾਉਂਸਲਰ ਅਤੇ ਪੇਂਡੂ ਪੰਚਾਇਤ ਦੀ ਚੋਣ ਵੱਧ ਤੋਂ ਵੱਧ ੫ ਸਾਲ ਲਈ ਹੁੰਦੀ ਹੈ, ਪਰ ਅਫ਼ਸਰ, ਬਾਬੂ, ਸਰਕਾਰੀ ਨੌਕਰ **ਸਾਰੀ ਉਮਰ ਬਿਨਾਂ ਕੋਈ ਕੰਮ ਕੀਤੇ ਲਾਭ** ਲੈਂਦੇ ਰਹਿੰਦੇ ਹਨ।

੧੯. ੩ ਆਰ (ਰੀਡਿੰਗ, ਰਾਈਟਿੰਗ ਅਤੇ ਅਰਥਮੈਟਿਕ ਤਾਲੀਮ ਦੇ ਪ੍ਰਾਈਮਰ ਪੱਧਰ ਤਕ) ਦੀ ਇੰਟਰਨੈਸ਼ਨਲ ਪਰਿਭਾਸ਼ਾ ਅਨੁਸਾਰ ਦੇਸ਼ ਵਿਚ **੬੦੦ ਮਿਲਿਅਨ ਲੋਕੀਂ** ਅਨਪੜ੍ਹ ਹਨ। ਭਾਰਤ ਸਰਕਾਰ ਅਨੁਸਾਰ ਪੜ੍ਹੇ-ਲਿਖੇ ਲੋਕ ੬੩% ਹਨ, ਚੀਨ ਵਿਚ ੯੩% ਹਨ।

੨੦. ਤਾਲੀਮ ਦੀ ਭਾਰਤੀ ਪਰਿਭਾਸ਼ਾ ਲੋਕਾਂ ਦੇ ਸਰਵੇਖਣ ਉੱਤੇ ਆਧਾਰਿਤ ਹੈ- **"ਜੇ ਤੁਸੀਂ ਆਪਣਾ ਨਾਂ ਲਿਖ ਸਕਦੇ ਹੋ ਤਾਂ ਤੁਸੀਂ ਪੜ੍ਹੇ-ਲਿਖੇ ਹੋ"**; ਇਸ ਪਰਿਭਾਸ਼ਾ ਨੂੰ ਬਦਲਣ ਦੀ ਕੋਈ ਵੀ ਅਸਰਦਾਰ ਕੋਸ਼ਿਸ ਨਹੀਂ ਕੀਤੀ ਗਈ !

੨੧. ਭਾਰਤ ਸਰਕਾਰ ਅਨੁਸਾਰ ੧੧ (ਰੁਰਲ) ਤੋਂ ੧੪ (ਅਰਬਨ) ਰੁ. ਪ੍ਰਤੀ ਦਿਨ ਕਮਾਈ (੧੦ ਰੁ. ਰੋਜ਼ਾਨਾ ਕਮਾਈ ਕਰਨ ਵਾਲੇ ਪਬਲਿਕ ਡਿਸਟ੍ਰੀਬਿਊਸ਼ਨ ਸਿਸਟਮ/ਰਾਸ਼ਨ ਸ਼ਾਪ ਤੋਂ ਲੋੜੀਂਦੀ ਮਾਤਰਾ ਵਿਚ ਚਾਵਲ, ਕਣਕ ਲੈ ਸਕਦੇ ਹਨ ਅਤੇ ਇਹ ਅਨਾਜ ਰੋਜ਼ਾਨਾ ੨੨੦੦ ਖ਼ੁਰਾਕੀ ਪੋਸ਼ਣ ਲਈ ਕਾਫ਼ੀ ਹੈ) ਦਾ ਮਤਲਬ ਹੈ **ਗ਼ਰੀਬੀ ਰੇਖਾ** ਤੋਂ ਹੇਠਾਂ ਜੀਣਾ, ਪਰ **੨੬੦ ਮਿਲਿਅਨ ਲੋਕੀਂ** ਇਸ ਤੋਂ ਵੀ ਹੇਠਾਂ ਜੀ ਰਹੇ ਹਨ !

੨੨. ਇਸ **'ਗ਼ਰੀਬੀ ਰੇਖਾ'** ਨੂੰ ਸੁਧਾਰਣ ਦੀ ਕੋਸ਼ਿਸ ਕਿਸੇ ਨੇ ਨਹੀਂ ਕੀਤੀ। ਕੀ ਤੁਸੀਂ ਮੰਨ ਸਕਦੇ ਹੋ ਕਿ ਕੁਝ ਕਿਲੋ ਕਣਕ ਯਾ ਚਾਵਲ ਵਰਗੇ ਕੱਚੇ ਅਨਾਜ ਨਾਲ ਹੀ ਜ਼ਿੰਦਾ ਰਹਿਣਾ ਮੁਮਕਿਨ ਹੈ? ਕੀ ਇਨਸਾਨ ਦੀ ਲੋੜ ਹੋਰ ਕੁਝ ਨਹੀਂ? ਕੀ ਸਿਰਫ਼ ਸਰੀਰ ਢੱਕਣ ਲਈ ਇਕ ਜੋੜੀ ਕਪੜਾ, ਖਾਣ ਲਈ ਕੁਝ ਰੋਟੀਆਂ, ਕੁਝ ਸਬਜ਼ੀਆਂ, ਦੁੱਧ ਤੇ ਫਲ ਹੀ ਜੀਣ ਲਈ ਕਾਫ਼ੀ ਹਨ? ਖਾਣੇ ਪਕਾਣੇ ਲਈ ਬਾਲਣ ਵੀ ਜ਼ਰੂਰੀ ਨਹੀਂ?

੨੩. ਵਿਸ਼ਵ ਬੈਂਕ ਦੀ ਗ਼ਰੀਬੀ ਰੇਖਾ ਸੰਬੰਧੀ ਪੁਰਾਣੀ ਪਰਿਭਾਸ਼ਾ ਹੈ-**US$ ੧ ਰੋਜ਼ਾਨਾ ਪ੍ਰਤੀ ਵਿਅਕਤੀ,** ਯਾ **US$** ਡਾਲਰ ੩੬੫ ਪ੍ਰਤੀ ਸਾਲ-ਅਤੇ **੪੫੦ ਮਿਲਿਅਨ* ਲੋਕੀਂ** ਇਸ ਰੇਖਾ ਤੋਂ ਹੇਠਾਂ ਜੀ ਰਹੇ ਹਨ। ਨਵੀਂ ਪਰਿਭਾਸ਼ਾ- **US$ ੨ ਰੋਜ਼ਾਨਾ ਪ੍ਰਤੀ ਵਿਅਕਤੀ** ਯਾ **US$** ੭੩੦ ਪ੍ਰਤੀ ਸਾਲ- ਅਨੁਸਾਰ **੭੦੦ ਮਿਲਿਅਨ* ਲੋਕੀਂ** ਗ਼ਰੀਬੀ ਰੇਖਾ ਤੋਂ ਹੇਠਾਂ ਹਨ। (ਸਾਡੇ ਅੰਦਾਜ਼ੇ)*

੨੪. ਇਕ ਭਾਰਤੀ ਬੰਦੇ ਦਾ **ਔਸਤ ਪ੍ਰਤੀ ਵਿਅਕਤੀ** ਲਗਭਗ US$ ੬੦੦ ਪ੍ਰਤੀ ਵਿਅਕਤੀ ਪ੍ਰਤੀ ਸਾਲ ਹੈ (੧.੦੭ ਬਿਲਿਅਨ ਲੋਕੀਂ ਅਤੇ US$ ੬੪੯

ਬਿਲਿਅਨ ਦਾ ਜੀਡੀਪੀ) । ਭਾਰਤੀ ਬੰਦੇ ਦੀ ਔਸਤ ਆਮਦਨ **US$ ੧.੬੫ ਪ੍ਰਤੀ ਦਿਨ** ਹੈ ।

੨੫. ਦੁਨੀਆਂ ਦੇ ਜੀਡੀਪੀ ਦਾ **ਸਿਰਫ਼ ੧.੭੨% ਭਾਰਤ ਕੋਲ ਹੈ** ਜਦਕਿ ਇਸਦੀ ਆਬਾਦੀ ਦੁਨੀਆਂ ਦਾ ੧੭% ਹੈ । ਮੰਗਾਂ ਬਹੁਤ ਹਨ ਪਰ ਖ਼ਰੀਦਣ ਦੀ ਤਾਕਤ ਘੱਟ ਹੈ । ਏਸ ਲਈ ਸਾਡੇ **ਐਕਸਪੋਰਟ ਵਪਾਰਾਂ ਨੂੰ ੧੦ ਗੁਣਾ ਵਧਾਣਾ** ਜ਼ਰੂਰੀ ਹੈ, ਕਿਉਂਕਿ ਵਿਦੇਸ਼ੀ ਮਾਰਕਿਟਾਂ ਭਾਰਤੀ **ਮਾਰਕਿਟ ਨਾਲੋਂ ੬੦ ਗੁਣਾ ਵੱਧ** ਹਨ । ਵਿਸ਼ਵ ਮਾਰਕਿਟ ਯਾ ਵਿਸ਼ਵ ਵਪਾਰ ਵਿਚ ਸਾਡਾ ਹਿੱਸਾ **੦.੮%** ਹੈ, ਜਦ ਕਿ ੧੦੦੦ ਸਾਲ ਪਹਿਲਾਂ ੩੩% ਸੀ, ਭਾਰਤ ਵਿਚ ਬ੍ਰਿਟਿਸ਼ ਰਾਜ ਆਣ ਸਮੇਂ ੨੭% ਸੀ ਅਤੇ ੧੯੪੭ ਵਿਚ ੩% ਸੀ ।

੨੬. **ਸਿਰਫ਼ ੫%** ਭਾਰਤੀ ਬੰਦੇ ਇੰਗਲਿਸ਼ ਸਮਝਦੇ ਹਨ, ਪਰ ਭਾਰਤ ਸਰਕਾਰ, ਰਾਜ ਸਰਕਾਰਾਂ ਅਤੇ ਸਰਬਜਨਕ ਸੰਸਥਾਵਾਂ ਦੇ ਜ਼ਿਆਦਾਤਰ ਵੈਬਸਾਈਟ ਇੰਗਲਿਸ਼ ਵਿਚ ਹਨ !

੨੭. ਇੰਗਲਿਸ਼ ਭਾਸ਼ਾ ਇਸਤੇਮਾਲ ਕਰਨ ਵਾਲੇ ਦੇਸ਼ਾਂ, ਯਾਨੀ ਅਮਰੀਕਾ+ ਇੰਗਲੈਂਡ+ਓਲਡ ਬ੍ਰਿਟਿਸ਼ ਕਾਲੋਨੀਆਂ ਦਾ ਜੀਡੀਪੀ ਵਿਸ਼ਵ ਜੀਡੀਪੀ ਦਾ ਲਗਭਗ ੪੦% ਹੈ ਅਤੇ ਭਾਰਤ ਵਿਚ ਵੀ ਅਸੀਂ **ਵਿਸ਼ਵੀਕਰਣ** (ਗਲੋਬਲਾ- ਈਜ਼ੇਸ਼ਨ) ਦੀ ਤਿਆਰੀ ਕਰ ਰਹੇ ਹਾਂ, ਪਰ ਦੁਨੀਆਂ ਦੀਆਂ ਹੋਰ ਭਾਸ਼ਾਵਾਂ, ਜਿਵੇਂ ਜਾਪਾਨੀ, ਜਰਮਨ ਆਦਿ ਸਿਖਣ ਲਈ ਅਸੀਂ ਤਿਆਰ ਨਹੀਂ, ਜਦ ਕਿ ਚੀਨੀ ਨੌਜਵਾਨ ਇਸ ਗਲ ਵਿਚ ਮਾਹਿਰ ਹਨ ।

੨੮. **ਮਨੁੱਖੀ ਵਿਕਾਸ ਕਾਰਜਾਂ**, ਜਿਵੇਂ ਨਵੇਂ ਜੰਮੇ ਬੱਚਿਆਂ ਦੀ ਮੌਤ, ਬੱਚਿਆਂ ਦੀ ਦੇਖਰੇਖ, ਘੱਟ ਪੋਸ਼ਣ, ਔਰਤਾਂ ਦੀ ਸਿਹਤ, ਰੋਗ, ਸਿਹਤ-ਸੰਭਾਲ, ਸਾਫ਼ ਪਾਣੀ ਆਦਿ ਦੇ ਮਾਮਲੇ ਵਿਚ ਤਾਂ ਭਾਰਤ ਸ਼ਾਇਦ ਸਭ ਤੋਂ ਪਿਛਲੇ ਨੰਬਰ ਤੇ ਹੈ ।

੨੯. **ਪਰਜਾਤੰਤਰ** ਦਾ ਮਤਲਬ ਹੈ ਉਹ ਵਿਵਸਥਾ ਹੈ ਜੋ ਜਨਤਾ ਦੀ, ਜਨਤਾ ਲਈ ਅਤੇ ਜਨਤਾ ਦੁਆਰਾ ਚਲਦੀ ਹੈ । **ਸਫ਼ਲਤਾ ਹਾਸਲ ਕਰਨ ਲਈ ਨਾਗਰਿਕਾਂ ਨੂੰ ਪ੍ਰਸ਼ਾਸਨ ਵਿਚ ਸ਼ਾਮਲ ਕਰਨਾ ਜ਼ਰੂਰੀ ਹੈ ।**

੩੦. ਹੋਰਾਂ ਦੇਸ਼ਾਂ ਦੇ ਉਲਟ, ਸਾਡੇ ਦੇਸ਼ ਵਿਚ ਸਰਕਾਰੀ **ਮਾਨਤਾ ਪ੍ਰਾਪਤ ੧੮ ਭਾਸ਼ਾਵਾਂ**, ੪੦੦੦ ਬੋਲੀਆਂ, ਦੁਨੀਆਂ ਭਰ ਦੇ ਧਰਮ ਹਨ ਅਤੇ ਮਨੁੱਖੀ ਤੇ ਆਰਥਿਕ ਵਿਕਾਸ ਦੀ ਕਮੀ ਕਰਕੇ ਪਿਛੜੀਆਂ ਜਾਤਾ (SC), ਪਿਛੜੇ ਵਰਗ (ST), ਦਲਿਤ, ਧਰਮ, ਤਬਕੇ, ਮਾਇਨਾਰਿਟੀਜ਼, ਖੇਤਰ, ਨਸਲਾਂ ਆਦਿ ਬਾਰੇ ਜ਼ੋਰ ਦਿਤਾ ਜਾਂਦਾ ਹੈ ।

੩੧. ਮੌਜੂਦਾ ਨੀਤੀਆਂ ਦੇ ਕਾਰਨ **ਰੋਜ਼ਗਾਰ ਦੇ ਮੌਕਿਆਂ ਉੱਤੇ ਪਾਬੰਦੀ ਹੈ,** ਕਿਉਂਕਿ ਇਹ ਨੀਤੀਆਂ ''ਮਜ਼ੂਰੀ ਨੂੰ ਉਤਸ਼ਾਹ'' ਦੇਣ ਵਾਲੇ ਵਪਾਰਾਂ ਨੂੰ ਵਧਾਵਾ ਨਹੀਂ ਦੇਂਦੀਆਂ । ਹੋਰਾਂ ਦੇਸ਼ਾਂ ਵਿਚ ਜੋ **ਮਜ਼ੂਰੀ ਸੰਬੰਧੀ ਸੁਧਾਰ** ਹੋਏ ਹਨ ਅਤੇ ਜਿਸ ਤਰ੍ਹਾਂ ਉਹ ਅਮਲ ਵਿਚ ਲਿਆਏ ਜਾ ਰਹੇ ਹਨ, ਉਹ ਸਾਡੇ ਦੇਸ਼ ਦੀਆਂ ਕੰਪਨੀਆਂ ਅਤੇ ਸੰਗਠਨਾਂ ਵਿਚ ਵੀ ਲਾਗੂ ਹੋਣੇ ਜ਼ਰੂਰੀ ਹਨ ।

੩੨. ਕਿਸੇ **ਕੰਪਨੀ ਦਾ ਸਾਈਜ਼ ਯਾ ਵਿਸਤਾਰ** ਕੇਂਦਰੀ ਸਰਕਾਰ ਦੇ ਫ਼ੈਸਲੇ ਅਨੁਸਾਰ ਨਹੀਂ ਹੋਣਾ ਚਾਹੀਦਾ, ਸਗੋਂ ਇਹ ਮਾਮਲਾ ਟੈਕਨਾਲੋਜੀ, ਵਿਕਾਸ, ਅੰਤਰਰਾਸ਼ਟਰੀ ਮਾਰਕਿਟ ਦੀ ਹਲਚਲ ਅਤੇ ਮੁਕਾਬਲੇ ਦੇ ਦਬਾਅ ਅਨੁਸਾਰ ਹੋਣਾ ਜ਼ਰੂਰੀ ਹੈ । ਸਮਾਲ ਸਕੇਲ ਇੰਡਸਟ੍ਰੀ **(SSI)** ਲਈ ਰਿਜ਼ਰਵੇਸ਼ਨ ਹਟਾਣਾ ਅਤੇ ਸਮਾਲ ਐਂਡ ਮੀਡੀਅਮ ਐਂਟਰਪ੍ਰਾਈਜ਼ (SME) ਨੂੰ ਵਧਾਵਾ ਦੇਣਾ ਜ਼ਰੂਰੀ ਹੈ । **ਭਾਰਤੀ ਜੀਡੀਪੀ ਦਾ ਸਿਰਫ਼ ੭% ਐਸਐਸਆਈ ਹੈ** ਜਦ ਕਿ ਦੁਨੀਆਂ ਦੇ ਸਾਰੇ ਸੰਗਠਨਾਂ ਦਾ ੯੯.੭% ਐਸਐਮਈ ਹੈ । **ਭਾਰਤੀ ਜੀਡੀਪੀ ਦਾ ੯੦% ਐਸਐਮਈ ਹੈ । ਐਸਐਮਈ** ਦਾ ਮਤਲਬ ਹੈ ਸਮਾਲ ਐਂਡ ਮੀਡੀਅਮ ਐਂਟਰਪ੍ਰਾਈਜ਼ । **ਜੀਡੀਪੀ** ਦਾ ਮਤਲਬ ਹੈ ਗ੍ਰਾਸ ਡੋਮੈਸਟਿਕ ਪ੍ਰੋਡਕਸ਼ਨ ਯਾਨੀ ਕੁਲ ਦੇਸ਼ੀ ਉਤਪਾਦਨ ।

੩੩. www.Loksatta.org ਅਨੁਸਾਰ ਭਾਰਤ ਉੱਤੇ ਹਕੂਮਤ ਕਰਨ ਲਈ ਕੇਂਦਰੀ ਅਤੇ ਰਾਜ ਸਰਕਾਰਾਂ ਦੇ ਪੱਧਰ ਉੱਤੇ ਸਰਕਾਰੀ ਆਮਦਨ ਅਤੇ ਮੂਲ ਪੂੰਜੀ ਦਾ ਲਗਭਗ **ਰੁ. ੨੦੦੦ ਕਰੋੜ ਰੋਜ਼ਾਨਾ ਖ਼ਰਚ ਕੀਤਾ ਜਾਂਦਾ ਹੈ** । ਕੀ ਇਹ ਖ਼ਰਚਾ ਪਾਰਦਰਸ਼ੀ ਹੈ? ਕੀ ਇਹ ਪੈਸਾ ਸਹੀ ਖਰਚਿਆ ਜਾਂਦਾ ਹੈ? ਕੀ ਇਹ ਖ਼ਰਚਾ ਹੋਰ ਵੀ ਕੁਸ਼ਲਤਾ ਅਤੇ ਬਿਹਤਰ ਨਤੀਜੇ ਦੇ ਸਕਦਾ ਹੈ, ਤਾਂਕਿ ਭਾਰਤੀ ਜਨਤਾ ਨੂੰ ਜ਼ਿਆਦਾ ਲਾਭ ਪਹੁੰਚੇ?

ਉਪਰੋਕਤ ਹਾਲਤਾਂ ਵਿਚ ਸਾਡਾ ਦੇਸ਼ ਕਾਮਯਾਬੀ ਵਲ ਕਿਵੇਂ ਵੱਧੇਗਾ ਅਤੇ ਸਾਨੂੰ **ਚੰਗੀ ਸਰਕਾਰੀ ਵਿਵਸਥਾ ਅਤੇ ਅਸਰਦਾਰ ਪ੍ਰਸ਼ਾਸਨ** ਕਿਵੇਂ ਮਿਲੇਗਾ? ਸਭ ਤੋਂ ਪਹਿਲਾਂ ਸਾਨੂੰ **''ਅਵਰ ਹਾਉਸ ਇਨ ਔਰਡਰ (ਆਪਣੀ ਵਿਵਸਥਾ ਸੁਧਾਰੋ)''** ਨੂੰ ਪੂਰੇ ਅਮਲ ਵਿਚ ਲਿਆਣਾ ਹੈ, ਜਿਵੇਂ ਕਿ ਸਾਡੀ ਪੁਸਤਕ **ਟ੍ਰਾਂਸਫ਼ਾਰਮਿੰਗ ਇੰਡੀਆ*** ਦੇ ਪੰਨਾ ਨੰ. ੪੮ ਉੱਤੇ ਐਕਸ਼ਨ ਪਲਾਨਸ ਵਿਚ ਦਸਿਆ ਹੈ । ਬਾਕੀ ਸਭ ਆਪੇ ਠੀਕ ਹੋ ਜਾਏਗਾ ।

ਜ਼ਿਆਦਾ ਜਾਣਕਾਰੀ ਤੁਹਾਨੂੰ ਸਾਡੇ ਵੈਬਸਾਈਟ **www.wakeupcall.org** ਉੱਤੇ ਮਿਲੇਗਾ । **'ਦਿ ਇੰਡੀਆ ਯੂ ਮੇ ਨਾਟ ਨੋ ।'** (ਇਸ ਭਾਰਤ ਨੂੰ ਸ਼ਾਇਦ ਤੁਸੀਂ ਨਹੀ ਜਾਣਦੇ) ਦੀ ਕਾਪੀ ਤੁਹਾਨੂੰ ਇੰਗਲਿਸ਼, ਹਿੰਦੀ, ਗੁਜਰਾਤੀ, ਮਰਾਠੀ, ਬੰਗਾਲੀ, ਆਸਾਮੀ, ਓਰੀਆ, ਤਮਿਲ, ਤੇਲੁਗੂ, ਕਨਾਡਾ, ਪੰਜਾਬੀ, ਉਰਦੂ ਅਤੇ ਮਲਯਾਲਮ ਵਿਚ ਮਿਲੇਗੀ ।

੪੮ ਪੇਜ ਵਾਲੀ **'ਟ੍ਰਾਂਸਫ਼ਾਰਮਿੰਗ ਇੰਡੀਆ'** ਬੁਕਲੈਟ ਦਾ ਸੈਂਪਲ ਤੁਸੀਂ ਸਾਡੀ ਵੈਬਸਾਈਟ ਤੋਂ ਡਾਊਨਲੋਡ ਵੀ ਕਰ ਸਕਦੇ ਹੋ, ਜੋ ਇੰਗਲਿਸ਼, ਹਿੰਦੀ, ਗੁਜਰਾਤੀ, ਮਰਾਠੀ, ਬੰਗਾਲੀ, ਆਸਾਮੀ, ਓਰੀਆ, ਤਮਿਲ, ਤੇਲੁਗੂ, ਕਨਾਡਾ, ਪੰਜਾਬੀ, ਉਰਦੂ ਅਤੇ ਮਲਯਾਲਮ ਵਿਚ ਮਿਲੇਗੀ ।

ਕੇਂਦਰੀ ਸਰਕਾਰ ਮੰਤ੍ਰਾਲਿਆਂ, ਜਿਵੇਂ HRD, ਫ਼ਾਈਨੈਂਸ, ਪਲਾਨਿੰਗ, ਲੇਬਰ ਆਦਿ, ਲਗਭਗ ੧੦ ਰਾਜ ਸਰਕਾਰਾਂ ਅਤੇ ਬਿਜ਼ਨਸ ਐਸੋਸਿਏਸ਼ਨਾਂ, ਜਿਵੇਂ CII, FICCI, ASSOCHAM, PHDCC&I ਅਤੇ ਦੂਜੇ ਚੈਂਬਰਸ ਆਫ਼ ਕਾਮਰਸ ਨਾਲ ਵੀ ਸਾਡਾ ਸੰਪਰਕ ਜਾਰੀ ਰਹਿੰਦਾ ਹੈ ।


# *i Watch*

Edited, Published and Printed for *i Watch* by Krishan Khanna. He is from IIT, Kharagpur. Between 1961 to 1992 he was responsible for 14 joint ventures and business partnerships with 14 different countries around the World. In 1993 he took 'Sanyas' from business for **Nation Building** and **Transforming INDIA**.



Krishan Khanna is Chairman - Vocational Education & Training Committee – **EPSI,** Educational Promotion Society of India, New Delhi. Co-Chairman - Committee on Education & Industry Co-operation, - **PHDCC&I,** New Delhi, Member - CII National Committee on Education, New Delhi, Director - Vocational Services, **Rotary International,** Rotary District 3140, Bombay Mid Town, Bombay, Member **Planning Commission** Committee on Secondary Education & Vocational Education, New Delhi, Member 11th Plan Committee of **IGNOU,** New Delhi, Advisor - Vocational Education & Training, Times Foundation, New Delhi, Member **FICCI** National Committee on Education, New Delhi, **ASSOCHAM** National Committee on Education, New Delhi, Member 11th Plan Working Group of the **Ministry of HRD,** New Delhi and Member of the Board of the **AICTE,** New Delhi. The views and opinions expressed are Krishan Khanna's personal views and some points may not be accepted by some or all of the above mentioned organizations. Feedback & comments to *i Watch* 211, Olympus, Altamount Road, Mumbai 400 026. Email krishan@wakeupcall.org Website: www.wakeupcall.org Tel +91 22 2353 5466 Fax +91 22 2353 6782. *Economy 1st* is a division of *i Watch*


<u>ਪਾਠਕਾਂ ਲਈ ਸੰਦੇਸ਼ :</u> ਕਿਰਪਾ ਕਰਕੇ ਇਹ ਸੂਚਨਾ ਆਪਣੇ ਦੋਸਤਾਂ, ਸਾਥੀਆਂ ਅਤੇ ਆਪਣੇ ਨਜ਼ਦੀਕੀ ਲੋਕਲ ਸਕੂਲ ਯਾ ਕਾਲੇਜ ਦੇ ਘੱਟੋ ਘੱਟ ਇਕ ਟੀਚਰ ਨੂੰ ਜ਼ਰੂਰ ਦਿਓ ।


Organizations which have supported us in the past